Exam. Code: 0004
Sub. Code: 0309

2071

B.A./B.Sc.(General)-4th Semester

Punjabi (Elective)

Time allowed: 3 Hours | Max. Marks: 90

---

ਨੋਟ:- ਛੋਟੇ ਪ੍ਰਸ਼ਨਾਂ ਦੇ ਉੱਤਰ ਤਰਤੀਬਵਾਰ ਇੱਕ ਥਾਂ ਤੇ ਇਕਸਾਰ ਦਿੱਤੇ ਜਾਣ।

-*-*-*-

1. ਹੇਠ ਲਿਖੇ ਕਾਵਿ-ਟੁਕੜਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

"ਚਮਕੀ ਆਣ ਦੁਪਹਿਰੀ ਵੇਲੇ ਗਰਮੀ ਗਰਮ ਬਹਾਰੇ
ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰ ਉਤਾਰੇ
ਆਤਸ਼ ਦਾ ਦਰਿਆਓ ਖਲੋਤਾ, ਥਲ ਮਾਰ ਵਲ ਚਾਰੇ
ਹਾਸ਼ਮ ਫੇਰ ਪਿਛਾਂਹ ਨਾ ਮੁੜ ਦੀ ਲੂੰ ਲੂੰ ਹੋਤ ਪੁਕਾਰੇ"

ਜਾਂ

ਕਈ ਮਾਵਾਂ ਦੇ ਪੁੱਤਰ ਨੇ ਮੋਏ ਉੱਥੇ, ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੇ
ਜਿਨਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜਕੇ, ਪਈਆਂ ਰੋਦੀਆਂ ਫਿਰਨ ਵਿਚਾਰੀਆਂ ਨੇ
ਚੰਗੇ ਜ਼ਿਨਾਂ ਦੇ ਸਿਰਾਂ ਦੇ ਮੋਏ ਵਾਲੀ, ਖੁਲੇ ਵਾਲ ਤੇ ਫਿਰ ਵਿਚਾਰੀਆਂ ਨੇ
ਸ਼ਾਹ ਮੁਹਮੰਦਾ ਬਹੁਤ ਸਰਦਾਰ ਮਾਰੇ, ਪਾਈਆ ਰਾਜ ਦੇ ਵਿਚ ਖੁਆਰੀਆਂ ਨੇ (10)

2. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇਕ ਦੀ ਸਾਹਿਤਕ ਆਲੋਚਨਾ ਕਰੋ:-

"ਅਬ ਕਿਆਂ ਏਹ ਤੁਮਾਰੀ ਕਰਤੂਤ
ਪਕੜੀ ਫਿਰਤੇ ਹੈਂ ਜਮਦੂਤ
ਹੈ ਧਿਰਕਾਰ ਤੇਰੀ ਜਿੰਦਗਾਨੀ
ਕਰੇ ਆਸ ਹਰ ਵਕਤ ਬੇਗਾਨੀ
ਜੇ ਤੁਮ ਹੋਤੇ ਸੂਬੇਦਾਰ
ਕਿਰਚ ਬਾਧ ਬਣਤੇ ਸਰਦਾਰ
ਬਾਦਸ਼ਾਹੋਂ ਕੋ ਦੇਤਾ ਕਾਮ
ਬੀਚ ਜਗਤ ਕੇ ਰੋਸ਼ਨ ਨਾਮ"

ਜਾਂ

ਯੇ ਯਾਦ ਨਾ ਮਾਤਾ ਨੂੰ ਰਮ ਰਿਹਾ, ਪੜਦੇ ਬੰਦ ਦੀਦੇ ਮੁੜ ਕੇ ਖੁਲਗਏ
ਪੂਰਨ ਵੇਖਦੀ ਨੂੰ ਥਣੀ ਦੁੱਧ ਪਿਆ, ਧਾਰ ਮੁੱਖ ਪਰਨਾਲੜੇ ਚੱਲ ਪਏ
ਉਹਨੂੰ ਉਠ ਕੇ ਸੀਨੇ ਦੇ ਨਾਲ ਲਾਇਆ, ਰੱਬ ਸੁਖ ਦਿੱਤੇ ਦੁੱਖ ਭੁੱਲ ਗਏ
ਕਾਦਰਯਾਰ ਮੀਆਂ ਮਾਈ ਇੱਛਰਾਂ ਦੇ, ਸ਼ਾਨ ਸ਼ੋਕਤ ਸਭੇ ਹੋਰ ਭੁੱਲ ਗਏ।। (10)

3. 'ਭੱਤਾ' ਕਹਾਣੀ ਦਾ ਵਿਸ਼ਾ ਸਪਸ਼ਟ ਕਰੋ।

ਜਾਂ

'ਗੋਈ' ਕਹਾਣੀ ਦੇ ਪਾਤਰਾਂ ਨਾਲ ਜਾਣ ਪਹਿਚਾਣ ਕਰਵਾਓ। (10)

4. 'ਸਵੇਰ ਹੋਣ ਤੱਕ' ਕਹਾਣੀ ਦੀ ਸਾਹਿਤਕ ਆਲੋਚਨਾ ਕਰੋ।

ਜਾਂ

ਸੱਗੀ ਫੁੱਲ ਕਹਾਣੀ ਦੀ ਸਾਹਿਤਕ ਆਲੋਚਨਾ ਕਰੋ। (10)

***P.T.O.***

5. ਹੇਠ ਲਿਖੇ ਪ੍ਰਸ਼ਨਾਂ ਵਿਚ ਕੇਵਲ ਪੰਜ ਦੇ ਉੱਤਰ ਤਿੰਨ ਚਾਰ ਸਤਰਾਂ ਵਿਚ ਦਿਉ:-
   (ੳ) ਮੋਹ-ਮਿੱਟੀ ਕਹਾਣੀ ਦੇ ਚਾਚਾ ਜੀ ਦਾ ਚਰਿੱਤਰ ਚਿਤਰਨ ਕਰੋ।
   (ਅ) ਨੱਚ ਰਹੀ ਮੁਨੋਂ ਨੂੰ ਦੇਖ ਕੇ ਗਭਰੂ ਕੀ ਗੱਲਾ ਕਰਦੇ ਹਨ?
   (ੲ) ਇੱਕਵੀ ਸਦੀ ਕਹਾਣੀ ਵਿਚ ਅੰਬੋ ਦੀ ਮੌਤ ਬਾਰੇ ਭਾਈਚਾਰੇ ਦਾ ਪ੍ਰਤੀਕਰਮ ਕਿਹੋ ਜਿਹਾ ਸੀ?
   (ਸ) ਗੋਈ ਕਹਾਣੀ ਦੇ ਪਾਤਰਾਂ ਦੇ ਨਾਂ ਲਿਖੋ।
   (ਹ) ਚੰਨਣ ਦਾ ਚਰਿੱਤਰ ਚਿਤਰਨ ਕਰੋ।
   (ਕ) ਭੱੜ੍ਹਾ ਕਹਾਣੀ ਦੇ ਲੇਖਕ ਅਤੇ ਪਾਤਰਾਂ ਦੇ ਨਾਂ ਲਿਖੋ।
   (ਖ) ਪਿਪਲ ਦੇ ਵੱਡੇ ਡਾਹਣ ਦਾ ਡਿਗਣਾ ਕਿਸ ਗਲ ਦਾ ਚਿੰਨ ਹੈ? (10)

6. ਚਾਰ ਪ੍ਰਸ਼ਨਾਂ ਦੇ ਉੱਤਰ ਦਿਓ:-
   (ੳ) ਮੱਧਕਾਲ ਜਾਂ ($18^{ਵੀਂ}$ ਸਦੀ ਤੇ $19^{ਵੀਂ}$ ਸਦੀ) ਵਿਚ ਕਿਹੜੀਆਂ ਕਾਵਿ ਪ੍ਰਵਿਰਤੀਆਂ ਅਧੀਨ ਕਾਵਿ ਰਚਨਾ ਹੋਈ?
   (ਅ) ਮੱਧਕਾਲ ਵਿਚ ਕਿਹੜੀਆਂ ਜਨਮ ਸਾਖੀਆਂ ਦੀ ਰਚਨਾ ਹੋਈ?
   (ੲ) ਨਾਦਰਸ਼ਾਹ ਦੀ ਵਾਰ ਦੀਆਂ ਕਾਵਿ ਵਿਸ਼ੇਸ਼ਤਾਵਾਂ ਲਿਖੋ।
   (ਸ) $19^{ਵੀਂ}$ ਸਦੀ ਵਿਚ ਕਿਹੜੀਆਂ ਕਿਹੜੀਆਂ ਵਾਰਤਕ ਰਚਨਾਵਾਂ ਦੇ ਨਾਂ ਲਿਖੋ।
   (ਹ) ਈਸਾਈ ਮਿਸ਼ਨਰੀਆਂ ਦੀ ਪੰਜਾਬੀ ਦੇ ਵਿਕਾਸ ਲਈ ਕੀ ਦੇਣ ਸੀ?
   (ਕ) ਮੱਧਕਾਲ ਵਿਚ ਪੰਜਾਬੀ ਵਾਰਤਕ ਕਿੰਨਾਂ ਕਿੰਨਾਂ ਰੂਪਾਂ ਵਿਚ ਉਪਜੀ? (20)

7. ਸਾਹਿਤ ਅਤੇ ਮਨੋਵਿਗਿਆਨ ਜਾਂ ਸਾਹਿਤ ਅਤੇ ਸ਼ੈਲੀ ਉੱਤੇ ਨੋਟ ਲਿਖੋ। (10)

8. ਪੰਜਾਬ ਦੀਆਂ ਉਪ-ਭਾਸ਼ਾਵਾਂ (ਉਪਬੋਲੀਆਂ) ਦਾ ਸੰਖੇਪ ਵਰਣਨ ਕਰੋ ਅਤੇ ਇਨਾਂ ਦੇ ਪਛਾਨ ਚਿੰਨ ਦੱਸੋ.

   ਜਾਂ

   ਉਪਭਾਸ਼ਾ ਕੀ ਹੁੰਦੀ ਹੈ ਇਸ ਦੀ ਪਰਿਭਾਸ਼ਾ ਲਿਖੋ। (10)

-*-*-*-